23

# ਇਕ ਜਾਦੂਗਰ ਦੀ ਮਨਬਦਲੀ

(8:5-24)

''ਜਾਦੂਗਰ'' ਸ਼ਬਦ ਸੁਣ ਕੇ ਤੁਹਾਡੇ ਮਨ ਵਿਚ ਕੀ ਵਿਚਾਰ ਆਉਂਦਾ ਹੈ? ਇਕ ਟੋਪ ਵਿੱਚੋਂ ਖਰਗੋਸ਼ਾਂ ਦਾ ਨਿੱਕਲਣਾ? ਇਕ ਕੁੜੀ ਦੇ ਸਰੀਰ ਦੇ ਦੋ ਭਾਗ ਹੋ ਜਾਣਾ? ਅਜੀਬ ਤਰੀਕੇ ਨਾਲ ਚੀਜ਼ਾਂ ਦਾ ਪ੍ਰਗਟ ਹੋਣਾ ਅਤੇ ਫਿਰ ਅਲੋਪ ਹੋ ਜਾਣਾ? ਜੇ ਤੁਸੀਂ ਕਿਸੇ ਮਾਹਰ ਜਾਦੂਗਰ ਦਾ ਖੇਡ ਵੇਖਿਆ ਹੈ, ਤਾਂ ਤੁਸੀਂ ਕਦੇ ਹੈਰਾਨ ਹੋਏ ਹੋਵੋਗੇ ਅਤੇ ਕਦੇ ਮੂਰਖ ਵੀ ਬਣੇ ਹੋਵੋਗੇ। ਇਹ ਪਾਠ ਇਕ ਅਜਿਹੇ ਜਾਦੂਗਰ ਬਾਰੇ ਹੈ, ਜਿਹਦੇ ਵੱਲੋਂ ਕਈ ਅਚੰਭੇ ਕੀਤੇ ਗਏ ਸਨ।

ਸਾਡੇ ਪਾਠ ਦਾ ਸਿਰਲੇਖ ''ਇਕ ਜਾਦੂਗਰ ਦੀ ਮਨਬਦਲੀ'' ਹੈ। ''ਮਨਬਦਲੀ'' ਸ਼ਬਦ ਦਾ ਸਰਲ ਅਰਥ ਹੈ ''ਬਦਲਾਅ।'' ਮਸੀਹੀ ਬਣਨਾ ਕਿਸੇ ਦੀ ਜ਼ਿੰਦਗੀ ਵਿਚ ਆਉਣ ਵਾਲਾ ਸਭ ਤੋਂ ਵੱਡਾ ਬਦਲਾਅ ਹੈ। ਬੇਸ਼ੱਕ, ਆਮ ਤੌਰ ਤੇ ਇਸ ਦੇ ਬਾਅਦ ਵੀ ਹੋਰ ਬਦਲਾਵਾਂ ਦੀ ਲੋੜ ਹੁੰਦੀ ਹੈ (ਲੂਕਾ 22:32)। ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਇਸ ਜਾਦੂਗਰ ਨੂੰ ਵੀ ''ਬਦਲਣ'' ਵਿਚ ਕਈ ਵਾਰ ਮੁਸ਼ਕਲ ਆਈ।

ਵਰ੍ਹਿਆਂ ਤੋਂ, ਇਸ ਆਦਮੀ ਬਾਰੇ ਪ੍ਰਮੇਸ਼ਵਰ ਦੀ ਪ੍ਰੇਰਣਾ ਰਹਿਤ ਕਈ ਕਹਾਣੀਆਂ ਬਣੀਆਂ ਹਨ, ਪਰ ਸਾਡੀ ਦਿਲਚਸਪੀ ਖ਼ਾਸ ਕਰਕੇ ਇਸ ਗੱਲ ਵਿਚ ਹੋਵੇਗੀ ਕਿ ਉਹਦੇ ਬਾਰੇ *ਬਾਈਬਲ* ਕੀ ਕਹਿੰਦੀ ਹੈ। ਆਪਣੇ ਇਸ ਅਧਿਐਨ ਨੂੰ ਅਸੀਂ ਚਾਰ ਭਾਗਾਂ ਵਿਚ ਵੰਡਾਂਗੇ।

## ਬਾਹਰੀ ਪਾਪੀ (8:5-11)

ਸਾਡੀ ਇਸ ਕਹਾਣੀ ਦੇ ਸ਼ੁਰੂ ਵਿਚ, ਫ਼ਿਲਿੱਪੁਸ ਨਾਂਅ ਦਾ ਇਕ ਇਵੈਂਜਲਿਸਟ (ਖ਼ੁਸ਼ਖ਼ਬਰੀ ਦਾ ਪ੍ਰਚਾਰਕ) ਸਾਮਰੀਆ ਵਿਚ ਪਹਿਲੀ ਵਾਰ ਮਸੀਹ ਦਾ ਪ੍ਰਚਾਰ ਕਰਨ ਗਿਆ ਸੀ (ਆਇਤ 5)। ਰਸੂਲਾਂ ਨੇ ਉਸ ਤੇ ਹੱਥ ਰੱਖੇ ਸਨ ਜਿਸ ਕਰਕੇ ਉਹ ਮੋਅਜਜ਼ੇ ਕਰ ਸਕਦਾ ਸੀ (ਆਇਤਾਂ 6-8)। ਉਹਨੇ ਉਨ੍ਹਾਂ ਮੋਅਜਜ਼ਿਆਂ ਦੀ ਵਰਤੋਂ ਇਹ ਸਾਬਤ ਕਰਨ ਲਈ ਕੀਤੀ ਕਿ ਉਸ ਨੂੰ ਖ਼ੁਦਾ ਵੱਲੋਂ ਭੇਜਿਆ ਗਿਆ ਹੈ। ਇੱਥੇ, ਸਾਡੀ ਪਛਾਣ ਇਕ ਜਾਦੂਗਰ ਨਾਲ ਕਰਵਾਈ ਜਾਂਦੀ ਹੈ:

> ਪਰ ਸ਼ਮਊਨ ਨਾਮੇ ਇਕ ਮਨੁੱਖ ਸੀ ਜਿਹੜਾ ਅੱਗੇ ਉਸ ਨਗਰ ਵਿਚ ਜਾਦੂ ਕਰ ਕੇ ਸਾਮਰੀਆ ਦੇ ਲੋਕਾਂ ਨੂੰ ਹੈਰਾਨ ਕਰਦਾ ਅਤੇ ਆਖਦਾ ਸੀ ਭਈ ਮੈਂ ਕੋਈ ਮਹਾਂਪੁਰਖ ਹਾਂ। ਅਰ ਛੋਟੇ ਤੋਂ ਲੈਕੇ ਵੱਡੇ ਤਾਈਂ ਸਭ ਉਹ ਦੀ ਵੱਲ ਚਿੱਤ ਲਾ ਕੇ ਆਖਦੇ ਸਨ ਭਈ ਇਹ ਮਨੁੱਖ ਪ੍ਰਮੇਸ਼ਵਰ ਦੀ ਉਹ ਸ਼ਕਤੀ ਹੈ ਜਿਹੜੀ ਵੱਡੀ ਕਹਾਉਂਦੀ ਹੈ! ਅਤੇ ਉਨ੍ਹਾਂ ਉਹ ਦੀ ਵੱਲ ਇਸ ਕਰਕੇ ਚਿੱਤ ਲਾਇਆ ਕਿ ਉਹ ਨੇ ਬਹੁਤ ਚਿਰ ਤੋਂ ਜਾਦੂ ਕਰ ਕੇ ਉਨ੍ਹਾਂ ਨੂੰ ਹੈਰਾਨ ਕਰ ਰੱਖਿਆ ਸੀ (ਆਇਤਾਂ 9-11)।

ਇਹੀ ਹੈ ਸ਼ਮਊਨ ਜਾਦੂ ਕਰਨ ਵਾਲੇ ਦੀ ਪਛਾਣ। ਉਹਨੂੰ ਕਦੇ ਕਦੇ ''ਸ਼ਮਊਨ ਟੂਣਾ ਕਰਨ ਵਾਲਾ'' ਜਾਂ ਸ਼ਮਊਨ ਜਾਦੂਗਰ ਵੀ ਕਿਹਾ ਜਾਂਦਾ ਹੈ। ਅਨੁਵਾਦ ਹੋਇਆ ਸ਼ਬਦ ''ਜਾਦੂ ਕਰਨ ਵਾਲਾ'' ਦਾ ਮੂਲ *mageuon* ਹੈ ਜੋ ਜਾਦੂ ਲਈ ਅੰਗ੍ਰੇਜ਼ੀ ਸ਼ਬਦ ''ਮੈਜਿਕ'' ਨਾਲ ਬਹੁਤ ਮਿਲਦਾ ਜੁਲਦਾ ਹੈ।

ਉਸ ਜ਼ਮਾਨੇ ਵਿਚ ਜਾਦੂਗਰੀ ਇਕ ਤਰ੍ਹਾਂ ਦਾ ਪੇਸ਼ਾ ਹੁੰਦਾ ਸੀ। ਅੱਜ ਜਾਦੂ ਮਨੋਰੰਜਨ ਲਈ ਕੀਤਾ ਜਾਂਦਾ ਹੈ; ਆਮ ਤੌਰ ਤੇ ਜਾਦੂਗਰ ਮੰਨਦੇ ਹਨ ਕਿ ਉਨ੍ਹਾਂ ਦੇ ਕਰਤਬ ਕੁਦਰਤੀ ਤਰੀਕਿਆਂ ਨਾਲ ਹੁੰਦੇ ਹਨ। ਕਈ ਲਾਇਬ੍ਰੇਰੀਆਂ ਵਿਚ ਜਾਦੂਗਰ ਦੇ ਭੇਤਾਂ ਨਾਲ ਭਰੀਆਂ ਦਰਜਨਾਂ ਕਿਤਾਬਾਂ ਮੌਜੂਦ ਹਨ ਅਤੇ ਕਈ ਸ਼ਹਿਰਾਂ ਵਿਚ ਦੁਕਾਨਾਂ ਤੋਂ ਤੁਹਾਨੂੰ ''ਜਾਦੂ'' ਦੀਆਂ ਚੀਜ਼ਾਂ ਮਿਲ ਜਾਂਦੀਆਂ ਹਨ। ਪਰ ਉਸ ਜ਼ਮਾਨੇ ਵਿਚ ਜਾਦੂਗਰੀ ਇਕ ਗੰਭੀਰ ਪੇਸ਼ਾ ਸੀ। ਜਾਦੂਗਰੀ ਦੇ ਭੇਤ ਗੁਪਤ ਰੱਖੇ ਜਾਂਦੇ ਸਨ ਅਤੇ ਕੁਝ ਖ਼ਾਸ ਲੋਕਾਂ ਨੂੰ ਹੀ ਸਿਖਾਏ ਜਾਦੇ ਸਨ। ਆਮ ਤੌਰ ਤੇ ਇਹ ਭੇਤ ਇੱਕੋ ਪਰਿਵਾਰ ਤਕ ਸੀਮਤ ਹੁੰਦੇ ਸਨ ਅਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਸੌਂਪ ਦਿੱਤੇ ਜਾਂਦੇ ਸਨ। ਮੁੰਡਿਆਂ ਨੂੰ ਆਪਣੇ ਪਿਤਾ ਦਿਆਂ ਕਦਮਾਂ ਤੇ ਚੱਲਣ ਲਈ ਬਚਪਨ ਤੋਂ ਹੀ ਜਾਦੂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਕਈ ਵਾਰ ਛੋਟੇ ਮੁੰਡਿਆਂ ਨੂੰ ਆਪਣੀਆਂ ਕੱਛਾਂ ਵਿਚ ਵੱਡੇ ਵੱਡੇ ਪੱਥਰ ਬਹੁਤ ਦੇਰ ਤਕ ਰੱਖਣੇ ਪੈਂਦੇ ਸਨ ਤਾਂ ਜੋ ਉਨ੍ਹਾਂ ਦੀਆਂ ਕੱਛਾਂ ਵੱਡੀਆਂ ਹੋ ਜਾਣ ਅਤੇ ਬਾਅਦ ਵਿਚ ਉਨ੍ਹਾਂ ਚੀਜ਼ਾਂ ਨੂੰ ਲੁਕਾਉਣ ਲਈ ਵਰਤੀਆਂ ਜਾ ਸਕਣ ਜਿਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਜਾਦੂ ਕਰਨ ਸਮੇਂ ਪੈਦਾ ਕਰਨਾ ਚਾਹੁੰਦੇ ਸਨ। ਅਫ਼ਸੋਸ ਦੀ ਗੱਲ ਹੈ ਕਿ ਇਹ ਜਾਦੂਗਰ (ਯਾਨੀ ਟੂਣਾ ਕਰਨ ਵਾਲੇ) ਜ਼ਿਆਦਾਤਰ ਇਹ ਦਾਅਵਾ ਕਰਦੇ ਸਨ ਕਿ ਉਹ ਆਪਣੇ ਕਰਤਬ ਕਿਸੇ ਅਚਰਜ ਸ਼ਕਤੀ ਦੇ ਕਾਰਣ ਕਰਦੇ ਹਨ। ਆਮ ਤੌਰ ਤੇ ਉਹ ਸ਼ਕਤੀ ਖ਼ੁਦਾ ਵੱਲੋਂ, ਜਾਂ ਘਟੋ-ਘੱਟ ''ਕਿਸੇ ਦੇਵਤੇ'' ਨਾਲ ਜੁੜੀ ਹੁੰਦੀ ਦੱਸੀ ਜਾਂਦੀ ਸੀ। ਸ਼ਮਊਨ ਜਾਦੂਗਰ ਨੇ ਇਹੀ ਕੀਤਾ। ਵਚਨ ਦੱਸਦਾ ਹੈ ਕਿ ਉਹ ''ਆਪਣੇ ਆਪ ਨੂੰ ਕੋਈ ਮਹਾਂਪੁਰਖ ਬਣਾਉਂਦਾ ਸੀ।''

ਸਾਨੂੰ ਪੂਰਾ-ਪੂਰਾ ਤਾਂ ਪਤਾ ਨਹੀਂ ਕਿ ਸ਼ਮਊਨ ਕੀ ਕੀ ਦਾਅਵੇ ਕਰਦਾ ਸੀ। ਇਰੇਨਿਉਸ ਨਾਮਕ ਇਕ ਆਰੰਭਕ ਮਸੀਹੀ ਲੇਖਕ (120-195 ਈਸਵੀ) ਨੇ ਕਿਹਾ ਸੀ ਕਿ ਸ਼ਮਊਨ ਨੇ ਆਪਣੇ ਰੱਬ ਹੋਣ ਦੀ ਇਕ ਲੰਮੀ ਕਹਾਣੀ ਦੱਸੀ ਸੀ। ਸਾਫ਼ ਹੈ ਕਿ ਸ਼ਮਊਨ ਨੇ ਇਕ ਇਲਾਹੀ ਔਰਤ ਬਣਾਉਣ ਦਾ ਦਾਅਵਾ ਕੀਤਾ ਸੀ ਜਿਹਨੇ ਧਰਤੀ ਬਣਾਈ ਪਰ ਬਾਅਦ ਵਿਚ ਉਹ ਪਾਪ ਵਿਚ ਡਿੱਗ ਗਈ ਅਤੇ ਉਹਨੇ ਮਨੁੱਖ ਦਾ ਰੂਪ ਲੈ ਲਿਆ। ਇਰੇਨਿਉਸ ਦੇ ਮੁਤਾਬਕ, ਸ਼ਮਊਨ ਦਾ ਕਹਿਣਾ ਸੀ ਕਿ ਉਸ ਨੇ ਉਸ ਔਰਤ ਨੂੰ ਅਤੇ ਉਨ੍ਹਾਂ ਸਭਨਾਂ ਨੂੰ ਛੁਡਾਉਣ ਲਈ ਜੋ ਉਸ ਉੱਤੇ ਵਿਸ਼ਵਾਸ ਕਰਦੇ ਸਨ, ਮਨੁੱਖੀ ਰੂਪ ਧਾਰਿਆ ਸੀ।

ਸ਼ਮਊਨ ਨੇ ਜੋ ਵੀ ਕਹਾਣੀ ਦੱਸੀ ਹੋਵੇ, ਉਹ ਜ਼ਰੂਰ ਪ੍ਰਭਾਵਸ਼ਾਲੀ ਰਹੀ ਹੋਵੇਗੀ ਅਤੇ ਉਹ ਇਕ ਚੰਗਾ ਜਾਦੂਗਰ ਵੀ ਹੋਵੇਗਾ, ਕਿਉਂਕਿ ਵਚਨ ਦੱਸਦਾ ਹੈ ਕਿ ਸਭ ਸਾਮਰੀ ਉਸ ਤੋਂ ਪ੍ਰਭਾਵਤ ਸਨ ਅਤੇ ਕਹਿੰਦੇ ਸਨ ਕਿ ''ਇਹ ਮਨੁੱਖ ਪ੍ਰਮੇਸ਼ਵਰ ਦੀ ਉਹ ਸ਼ਕਤੀ ਹੈ ਜਿਹੜੀ ਵੱਡੀ ਕਹਾਉਂਦੀ ਹੈ।'' ਅੱਜ ਕਈ ਵਾਰ ਲੋਕ ਪ੍ਰਮੇਸ਼ਵਰ ਦੀ ਸ਼ਕਤੀ ਨਾਲ ਚਮਤਕਾਰ ਕਰਨ ਦਾ ਦਾਅਵਾ ਕਰਦੇ ਹਨ, ਅਤੇ ਬਹੁਤ ਸਾਰੇ ਲੋਕ ਉਨ੍ਹਾਂ ਤੇ ਯਕੀਨ ਵੀ ਕਰਦੇ ਹਨ। ਇਹ ਦਾਅਵੇ ਆਮ ਤੌਰ ਤੇ ਗੁਮਰਾਹ ਕਰਨ ਵਾਲੇ ਹੁੰਦੇ ਹਨ ਕਿ ''ਮੈਂ ਇਹ ਚਮਤਕਾਰ ਹੁੰਦਿਆਂ ਅੱਖੀ ਵੇਖਿਆ ਹੈ''; ''ਸੁਣਿਆ ਹੈ ਕਿ ਚਮਤਕਾਰ ਹੋਇਆ ਹੈ।'' ਉਲਝਣ ਵਿਚ ਪਏ ਲੋਕ ਹੈਰਾਨ ਹੁੰਦੇ ਹਨ, ''ਜੇ ਇਹ ਆਦਮੀ ਸੱਚਮੁੱਚ ਖ਼ੁਦਾ ਦੀ ਸ਼ਕਤੀ ਨਾਲ ਚਮਤਕਾਰ ਜਾਂ ਮੋਅਜਜ਼ਾ ਨਹੀਂ

ਕਰ ਰਿਹਾ, ਤਾਂ ਫਿਰ ਇਨ੍ਹਾਂ ਗਵਾਹੀਆਂ ਦਾ ਕੀ ਮਤਲਬ ਹੈ?'' ਸਾਮਰੀਆ ਵਿਚ ਹਰ ਕੋਈ ਉਨ੍ਹਾਂ ਅਚੰਭਿਆਂ ਬਾਰੇ ''ਗਵਾਹੀ'' ਦੇ ਰਿਹਾ ਸੀ ਜੋ ਸ਼ਮਊਨ ਨੇ ਕੀਤੇ ਸਨ, ਪਰ ਉਸ ਤੋਂ ਕੀ ਸਾਬਤ ਹੋਇਆ? ਇਸ ਤੋਂ ਸਿਰਫ਼ ਇਹੀ ਸਾਬਤ ਹੋਇਆ ਕਿ ਲੋਕਾਂ ਨੇ ਉਹੀ ਵਿਸ਼ਵਾਸ ਕੀਤਾ, ਜੋ ਉਹ ਕਰਨਾ ਚਾਹੁੰਦੇ ਸਨ।

ਪਤਾ ਨਹੀਂ ਕਿ ਸ਼ਮਊਨ ਨੇ ਸੋਚਿਆ ਹੋਵੇਗਾ ਕਿ ਉਹ ''ਪ੍ਰਮੇਸ਼ਵਰ ਦੀ ਵੱਡੀ ਸ਼ਕਤੀ'' ਹੈ। ਪਰ ਜੇ ਉਹਨੇ ਅਜਿਹਾ ਸੋਚਿਆ ਹੋਵੇਗਾ ਤਾਂ ਉਹ ਆਪਣੇ ਆਪ ਨੂੰ ਮੂਰਖ ਹੀ ਬਣਾ ਰਿਹਾ ਸੀ ਕਿਉਂਕਿ ਉਹ ਤਾਂ ਅਸਲ 'ਚ ਇਕ ''ਮਹਾਂ'' ਪਾਪੀ ਸੀ ਜਿਸ ਨੂੰ ਮੁਕਤੀ ਦੀ ਲੋੜ ਸੀ।

## ਬਦਲਿਆ ਹੋਇਆ (8:5, 12, 13)

ਸ਼ਮਊਨ ਇਕ ਮਾਹਰ ਜਾਦੂਗਰ ਹੋ ਸਕਦਾ ਹੈ, ਪਰ ਜਦ ਫ਼ਿਲਿੱਪੁਸ ਸਾਮਰੀਆ ਵਿਚ ਆਣ ਕੇ ਅਸਲੀ ਚਮਤਕਾਰ ਵਿਖਾਉਣ ਲੱਗਾ ਤਾਂ ਉਹਦੇ ਹੱਥ ਦੀ ਸਫ਼ਾਈ ਦੀ ਅਹਿਮੀਅਤ ਘਟਣ ਲੱਗ ਪਈ। ਸ਼ਮਊਨ ''ਬਕਬਕ'' ਵੀ ਚੰਗੀ ਕਰ ਲੈਂਦਾ ਹੋਵੇਗਾ (ਜਿਵੇਂ ਜਾਦੂਗਰ ਬੋਲਦੇ ਹਨ), ਪਰ ਉਹਦਾ ਮੁਕਾਬਲਾ ਖ਼ੁਦਾ ਵੱਲੋਂ ਭੇਜੇ ਗਏ ਫ਼ਿਲਿੱਪੁਸ ਦੇ ਉਪਦੇਸ਼ ਨਾਲ ਨਹੀਂ ਕੀਤਾ ਜਾ ਸਕਦਾ ਸੀ:

> ਅਤੇ ਫ਼ਿਲਿੱਪੁਸ ਨੇ ਸਾਮਰੀਆ ਦੇ ਨਗਰ ਵਿਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ (ਆਇਤ 5)।
>
> ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪ੍ਰਤੀਤ ਕੀਤੀ ਜੋ ਪ੍ਰਮੇਸ਼ਵਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ (ਆਇਤ 12)।

ਸਾਮਰੀਆਂ ਨੇ ਵਿਸ਼ਵਾਸ ਕਰਕੇ ਬਪਤਿਸਮਾ ਲਿਆ ਤਾਂ ਉਹ ਮਸੀਹੀ (11:26) ਭਾਵ ਕਲੀਸੀਆ ਦੇ ਲੋਕ (1 ਕੁਰਿੰਥੀਆਂ 12:13, 27) ਅਤੇ ਸਵਰਗ ਦੇ ਰਾਜ ਦੇ ਲੋਕ (ਯੂਹੰਨਾ 3:5) ਬਣ ਗਏ।

ਇਸ ਸਭ ਤੇ ਸ਼ਮਊਨ ਦੀ ਕੀ ਪ੍ਰਤੀਕ੍ਰਿਆ ਸੀ? ਮੇਰਾ ਅੰਦਾਜ਼ਾ ਹੈ ਕਿ ਪਹਿਲਾਂ ਤਾਂ ਉਹਨੂੰ ਬਹੁਤ ਬੁਰਾ ਲੱਗਿਆ ਹੋਵੇਗਾ। ਲੋਕਾਂ ਨੂੰ ਲਗਦਾ ਸੀ ਕਿ ਸ਼ਮਊਨ ਕੋਲ ਬੜੀਆਂ ਸ਼ਕਤੀਆਂ ਹਨ। ਹੋ ਸਕਦਾ ਹੈ ਕਿ ਉਹਨੂੰ ਬਹੁਤ ਸਾਰਾ ਚੜ੍ਹਾਵਾ ਵੀ ਮਿਲਦਾ ਹੋਵੇ। ਫਿਰ ਅਚਾਨਕ, ਕਿਸੇ ਨੇ ਆਣ ਕੇ ਲੋਕਾਂ ਦਾ ਧਿਆਨ ਉਹਦੇ ਵੱਲੋਂ ਹਟਾ ਦਿੱਤਾ। ਰਸੂਲਾਂ ਦੇ ਕੰਮ 13 ਵਿਚ ਇਲਮਾਸ ਨਾਂਅ ਦੇ ਇਕ ਜਾਦੂਗਰ ਬਾਰੇ ਦੱਸਿਆ ਗਿਆ ਹੈ ਜੋ ਆਪਣਾ ਪ੍ਰਭਾਵ ਘਟਣ ਕਰਕੇ ਪਰੇਸ਼ਾਨ ਹੋ ਗਿਆ ਸੀ। ਇਲਮਾਸ ਨੇ ਉਸ ਆਦਮੀ ਦਾ ਸਾਹਮਣਾ ਕੀਤਾ ਜੋ ਮੋਅਜਜ਼ੇ ਕਰ ਸਕਦਾ ਸੀ ਅਤੇ ਅੰਨ੍ਹਾ ਹੋ ਗਿਆ ਸੀ! ਸ਼ਮਊਨ ਵੀ ਇਸੇ ਤਰ੍ਹਾਂ ਪ੍ਰਤੀਕ੍ਰਿਆ ਕਰ ਸਕਦਾ ਸੀ, ਪਰ ਉਸ ਨੇ ਨਹੀਂ ਕੀਤਾ।

''ਸ਼ਮਊਨ'' ਇਕ ਇਬਰਾਨੀ ਨਾਮ ਹੈ ਅਤੇ ਉਹਦਾ ਮਤਲਬ ਹੈ ''ਸੁਣਨਾ'' (ਅਤੇ ਕਈ ਵਾਰ, ''ਮੰਜ਼ੂਰੀ ਨਾਲ ਸੁਣਨਾ'')। ਸ਼ਮਊਨ ਲਈ ਇਹ ਨਾਂਅ ਢੁਕਦਾ ਹੈ, ਕਿਉਂਕਿ ਉਹ ਸੁਣਨ ਅਤੇ ਸਿੱਖਣ ਲਈ ਤਿਆਰ ਸੀ। ਸ਼ਮਊਨ ਦੇ ਇਲਾਵਾ ਕੋਈ ਵੀ ਇਹ ਪਤਾ ਲਗਾਉਣ ਦੀ ਹਾਲਤ ਵਿਚ ਨਹੀਂ ਸੀ ਕਿ ਫ਼ਿਲਿੱਪੁਸ ਦੇ ਮੋਅਜਜ਼ੇ ਅਸਲੀ ਸਨ ਜਾਂ ਨਹੀਂ। ਉਹ ਆਪਣੇ ਧੰਦੇ ਦੀਆਂ

ਚਲਾਕੀਆਂ ਤੋਂ ਵਾਕਫ਼ ਸੀ। ਉਹਨੂੰ ਪਤਾ ਸੀ ਕਿ ਸਬੂਤ ਕਿਵੇਂ ਝੂਠਾ ਹੋ ਸਕਦਾ ਸੀ। ਉਹ ਆਮ ਲੋਕਾਂ ਦੇ ਮਨੋਵਿਗਿਆਨ ਨੂੰ ਸਮਝਦਾ ਸੀ। ਇਹ ਸਭ ਜਾਣਨ ਕਰਕੇ, ਉਹ ''ਨਿਸ਼ਾਨੀਆਂ ਅਤੇ ਵੱਡੀਆਂ ਕਰਾਮਾਤਾਂ ਜੋ ਪ੍ਰਗਟ ਹੋਈਆਂ ਸਨ ਵੇਖ ਕੇ ਦੰਗ ਹੋਇਆ'' (ਆਇਤ 13)। ਯੂਨਾਨੀ ਸ਼ਬਦ ਦਾ ਅਨੁਵਾਦ ''ਦੰਗ ਹੋਇਆ'' ਉਹੀ ਸ਼ਬਦ ਹੈ ਜੋ ਆਇਤ 9 ਅਤੇ 11 ਵਿਚ ਮਿਲਦਾ ਹੈ, ਅਤੇ ਇਹ ਸਾਨੂੰ ਦੱਸਦਾ ਹੈ ਕਿ ਉਹਦੀਆਂ ਚਲਾਕੀਆਂ ਦਾ ਸਾਮਰੀਆ ਦੇ ਲੋਕਾਂ ਤੇ ਕਿਹੋ ਜਿਹਾ ਪ੍ਰਭਾਵ ਸੀ ਅਤੇ ਉਹ ਉਨ੍ਹਾਂ ਨੂੰ ਕਿਵੇਂ ਮੰਨਦੇ ਸਨ। ਇਕ ਪੁਰਾਣੀ ਕਹਾਵਤ ਦੀ ਵਰਤੋਂ ਕਰੀਏ, ਤਾਂ ਜੁੱਤੀ ਹੁਣ ਕਿਸੇ ਦੂਜੇ ਦੇ ਪੈਰ ਵਿਚ ਚਲੀ ਗਈ ਸੀ। ਪਹਿਲਾਂ, ਲੋਕ ਉਹਦੇ ਜਾਦੂ ਦੇ ਕੰਮਾਂ ਨੂੰ ਵੇਖ ਕੇ ਹੈਰਾਨ ਹੁੰਦੇ ਸਨ ਪਰ ਹੁਣ ਇਹ *ਜਾਦੂਗਰ* ਅਸਲੀ ਮੋਅਜਜ਼ੇ ਵੇਖ ਕੇ ਦੰਗ ਸੀ!

ਜਾਦੂਗਰ ਦੇ ਕਰਤਬ ਅਤੇ ਇਕ ਮੋਅਜਜ਼ੇ ਵਿਚ ਬੜਾ ਫ਼ਰਕ ਹੁੰਦਾ ਹੈ। ਉਦਾਹਰਣ ਲਈ, ਜਾਦੂਗਰ ਦੇ ਕਰਤਬਾਂ ਦਾ ਵਿਹਾਰਕ ਮੁੱਲ ਬਹੁਤ ਘੱਟ ਹੁੰਦਾ ਹੈ ਜਾਂ ਹੁੰਦਾ ਹੀ ਨਹੀਂ। ਟੋਪੀ ਵਿੱਚੋਂ ਖਰਗੋਸ਼ ਕੱਢਣਾ ਮਨੋਰੰਜਨ ਲਈ ਤਾਂ ਚੰਗਾ ਹੈ ਪਰ ਇਹਦਾ ਵਿਹਾਰਕ ਮੁੱਲ (ਕਿਸੇ ਡ੍ਰਾਈਕਲੀਨ ਦੀ ਦੁਕਾਨ ਤੇ ਉਸ ਟੋਪੀ ਨੂੰ ਸਾਫ਼ ਕਰਾਉਣ ਤੋਂ ਇਲਾਵਾ) ਕੀ ਹੈ? ਦੂਜੇ ਪਾਸੇ, ਜਦ ਫ਼ਿਲਿੱਪੁਸ ਆਇਆ, ਤਾਂ ਉਹ ਲੋਕਾਂ ਨੂੰ ਚੰਗਾ ਕਰਦਾ ਭਾਵ ਚੰਗਾਈ ਦਿੰਦਾ ਸੀ। ਮੈਂ ਕੁਝ ਨੀਮ ਹਕੀਮਾਂ ਨੂੰ ਜਾਣਦਾ ਹਾਂ ਜਿਨ੍ਹਾਂ ਦਾ ਦਾਅਵਾ ਹੁੰਦਾ ਹੈ ਕਿ ਉਨ੍ਹਾਂ ਕੋਲ ਜਾਦੂ ਦੀ ਸ਼ਕਤੀ ਹੈ, ਜੋ ਚੱਮਚ ਨੂੰ ਵਿੰਗਾ ਕਰਦੀ, ਘੜੀ ਦੀ ਸੂਈ ਨੂੰ ਰੋਕ ਦਿੰਦੀ ਹੈ। ਜੇ ਸੱਚਮੁੱਚ ਉਨ੍ਹਾਂ ਕੋਲ ਜਾਦੂ ਦੀ ਸ਼ਕਤੀ ਹੈ, ਤਾਂ ਉਹ ਵਿਦੇਸ਼ ਨੀਤੀ ਨੂੰ ਮੋੜ ਦੇਣ ਅਤੇ ਲੜਾਈਆਂ ਰੋਕ ਦੇਣ!

ਜਦ ਸ਼ਮਊਨ ਨੇ ਫ਼ਿਲਿੱਪੁਸ ਦੇ ਮੋਅਜਜ਼ੇ ਵੇਖੇ ਅਤੇ ਉਹਦੀਆਂ ਗੱਲਾਂ ਸੁਣੀਆਂ, ਤਾਂ ਉਹਨੂੰ ਪਤਾ ਲੱਗਾ ਕਿ ਉਹਦਾ ਸੰਦੇਸ਼ ਸੱਚ ਸੀ। ਉਹ ਉਸ ਸੰਦੇਸ਼ ਨੂੰ ਕਬੂਲ ਕਰਨ ਵਾਲਿਆਂ ਵਿਚ ਰਲ ਗਿਆ। ''ਨਾਲੇ ਸ਼ਮਊਨ ਨੇ ਆਪ ਵੀ ਪ੍ਰਤੀਤ ਕੀਤੀ ਅਤੇ ਬਪਤਿਸਮਾ ਲੈ ਕੇ ਫ਼ਿਲਿੱਪੁਸ ਦੇ ਨਾਲ ਹੀ ਰਿਹਾ'' (ਆਇਤ 13)। ਆਮ ਤੌਰ ਤੇ ਲੋਕ ਕਹਿੰਦੇ ਹਨ ਕਿ ਸ਼ਮਊਨ ਅਸਲ 'ਚ ਬਦਲਿਆ ਨਹੀਂ ਸੀ ਸਗੋਂ ਉਹਨੇ ਤਾਂ ਬਪਤਿਸਮੇ ਦੀ ਰਸਮ ਪੂਰੀ ਕੀਤੀ ਸੀ। ਇਹ ਗੱਲ ਮਨੁੱਖ ਦੀਆਂ ਕਥਾਵਾਂ ਵਿੱਚੋਂ ਲਈ ਗਈ ਹੋਵੇਗੀ ਜੋ ਸ਼ਮਊਨ ਦੇ ਕਾਰਣ ਬਣੀਆਂ, ਕਿਉਂਕਿ ਬਾਈਬਲ ਵਿਚ ਇਹ ਵਿਚਾਰ ਨਹੀਂ ਮਿਲਦਾ। ਬਾਈਬਲ ਦੱਸਦੀ ਹੈ, ''ਸ਼ਮਊਨ ਨੇ ਆਪ ਵੀ ਪ੍ਰਤੀਤ ਕੀਤੀ।'' ਦੂਜੇ ਸ਼ਬਦਾਂ ਵਿਚ, ਉਹਨੇ ਉਹੀ ਕੀਤਾ ਜੋ ਸਾਮਰੀ ਲੋਕਾਂ ਨੇ ਕੀਤਾ ਸੀ। ''ਪ੍ਰਤੀਤ'' ਲਈ ਦੋਹਾਂ ਲਈ ਇੱਕੋ ਹੀ ਮੂਲ ਸ਼ਬਦ ਹੈ। ਜੇ ਉਹ ਨਹੀਂ ਬਦਲਿਆ ਸੀ, ਤਾਂ ਉਹ ਵੀ ਨਹੀਂ ਬਦਲੇ ਸਨ। ਅਤੇ, ਉਹਨੇ ''ਬਪਤਿਸਮਾ'' ਲਿਆ ਸੀ; ਸ਼ਮਊਨ ਅਤੇ ਸਾਮਰੀਆਂ ਲਈ ਇੱਕੋ ਹੀ ਸ਼ਬਦ ਦੀ ਵਰਤੋਂ ਹੋਈ ਹੈ। ਯਿਸੂ ਨੇ ਵਾਅਦਾ ਕੀਤਾ ਸੀ, ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ *ਬਚਾਇਆ* ਜਾਵੇਗਾ'' (ਮਰਕੁਸ 16:16)। ਬਾਈਬਲ ਮੁਤਾਬਕ, ਸ਼ਮਊਨ ਜਾਦੂਗਰ ਤੋਂ *ਬਚਾਇਆ ਹੋਇਆ* ਭਾਵ ਮੁਕਤੀ ਪਾਇਆ ਹੋਇਆ ਸ਼ਮਊਨ ਬਣ ਗਿਆ ਸੀ। ਉਹਦੀ ਜ਼ਿੰਦਗੀ ਵਿਚ ਵੱਡੀ ਤਬਦੀਲੀ ਆਈ ਕਿ ਉਹ ਬਦਲ ਚੁੱਕਿਆ ਸੀ।

ਪਰ, ਕਹਾਣੀ ਅਜੇ ਖ਼ਤਮ ਨਹੀਂ ਹੋਈ।

## ਰਾਹੋਂ ਕੁਰਾਹੇ ਪਿਆ ਬੱਚਾ (8:14-19, 23)

ਜਦ ਯਰੂਸ਼ਲਮ ਵਿਚ ਰਸੂਲਾਂ ਨੇ ਸੁਣਿਆ ਕਿ ਖੁਸ਼ਖ਼ਬਰੀ ਸਾਮਰੀਆ ਵਿਚ ਫੈਲ ਗਈ ਹੈ, ਤਾਂ ਉਨ੍ਹਾਂ ਨੇ ਪਤਰਸ ਅਤੇ ਯੂਹੰਨਾ ਨੂੰ ਨਵੇਂ ਬਣੇ ਮਸੀਹੀਆਂ ਤੇ ਹੱਥ ਰੱਖਣ ਲਈ ਭੇਜਿਆ

ਤਾਂ ਜੋ ਉਹ ਉਨ੍ਹਾਂ ਨੂੰ ਮੋਅਜਜ਼ੇ ਕਰਨ ਦੇ ਦਾਨ ਦੇ ਸਕਣ (ਆਇਤਾਂ 14-17)। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਇਸੇ ਤਰ੍ਹਾਂ ਹੁੰਦਾ ਸੀ ਜਿਸ ਤੋਂ ਲੋਕਾਂ ਨੂੰ ਪਤਾ ਲੱਗ ਸਕਦਾ ਸੀ ਕਿ ਨਵੇਂ ਨੇਮ ਦੇ ਪੂਰਾ ਹੋਣ ਤਕ ਉਨ੍ਹਾਂ ਦਾ ਚਾਲ ਚਲਣ ਕਿਹੋ ਜਿਹਾ ਹੋਣਾ ਚਾਹੀਦਾ ਹੈ (ਅੱਗੇ ਵਧਦਿਆਂ ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਜਿਨ੍ਹਾਂ ਲੋਕਾਂ ਤੇ ਰਸੂਲਾਂ ਨੇ ਹੱਥ ਰੱਖੇ ਸਨ ਜਿਵੇਂ ਕਿ ਫ਼ਿਲਿੱਪੁਸ ਤੇ, ਉਹ ਇਨ੍ਹਾਂ ਸ਼ਕਤੀਆਂ ਨੂੰ ਅੱਗੇ ਨਹੀਂ ਦੇ ਸਕਦੇ ਸਨ। ਇਹ ਸ਼ਕਤੀਆਂ ਰਸੂਲਾਂ ਦੇ ਹੱਥ ਰੱਖਣ ਨਾਲ ਹੀ ਦਿੱਤੀਆਂ ਜਾਂਦੀਆਂ ਸਨ [ਆਇਤ 18]। ਜਦ ਰਸੂਲਾਂ ਦੀ ਮੌਤ ਹੋ ਗਈ, ਤਾਂ ਅਜਿਹੀਆਂ ਸ਼ਕਤੀਆਂ ਨੂੰ ਦੇਣ ਵਾਲੇ ਵੀ ਜਾਂਦੇ ਰਹੇ)।

ਜਦ ਰਸੂਲਾਂ ਨੇ ਨਵੇਂ ਮਸੀਹੀਆਂ ਤੇ ਹੱਥ ਰੱਖੇ, ਤਾਂ ਉਨ੍ਹਾਂ ਵਿੱਚੋਂ ਛੋਟੇ ਤੋਂ ਛੋਟਾ ਮਸੀਹੀ ਵੀ ਉਨ੍ਹਾਂ ਤੋਂ ਵੱਡੇ ਮੋਅਜਜ਼ੇ ਕਰ ਸਕਦਾ ਸੀ ਜੋ ਪਹਿਲਾਂ ਸਿਰਫ਼ ਸ਼ਮਊਨ ਹੀ ਕਰਦਾ ਸੀ। ਜਦ ਅਜਿਹਾ ਹੋਇਆ, ਤਾਂ ਸ਼ਮਊਨ ਨੇ ਵਿਖਾਇਆ ਕਿ ਉਹਦਾ ਵਿਹਾਰ ਅਜੇ ਵੀ ਬਦਲਿਆ ਨਹੀਂ ਹੈ। ਬਪਤਿਸਮਾ ਲੈਣ ਤੋਂ ਪਹਿਲਾਂ ਤੌਬਾ ਕਰਨਾ ਜ਼ਰੂਰੀ ਹੈ (2:38), ਪਰ ਬੁਨਿਆਦੀ ਤੌਰ ਤੇ ਤੁਸੀਂ ਉਹੀ ਸ਼ਖ਼ਸ ਹੋ ਜੋ ਪਹਿਲਾਂ ਸੀ ਅਤੇ ਖ਼ੁਦਾ ਦੀ ਮਦਦ ਨਾਲ ਤੁਸੀਂ ਬਦਲਾਅ ਲਈ ਪੂਰੀ ਉਮਰ ਕੰਮ ਕਰਨਾ ਹੈ। ਸ਼ਮਊਨ ਨਾਲ ਸਬੰਧਤ ਘਟਨਾ ਵਿਚ, ''ਪ੍ਰਮੇਸ਼ਵਰ ਦੀ ਸ਼ਕਤੀ ਜਿਹੜੀ ਵੱਡੀ ਕਹਾਉਂਦੀ ਹੈ'' ਹੋਣ ਤੋਂ ਹਟ ਕੇ ਭੀੜ ਵਿੱਚੋਂ ਇਕ ਹੋ ਜਾਣਾ ਰਾਤੋ ਰਾਤ ਹੋਇਆ ਸਮਝੌਤਾ ਨਹੀਂ ਸੀ। ਸ਼ਮਊਨ ਨੇ ਆਪਣੀ ਇੱਛਾ ਨੂੰ ਦਬਾ ਕੇ ਇਕ ਜ਼ਬਰਦਸਤ ਕੰਮ ਕੀਤਾ ਸੀ, ਪਰ ਜਦ ਫੇਰ ਮਹਾਨ ਬਣਨ ਦਾ ਮੌਕਾ ਵੇਖਿਆ, ਤਾਂ ਉਹਨੂੰ ਲਾਲਚ ਆ ਗਿਆ:

> ਸੋ ਜਾਂ ਸ਼ਮਊਨ ਨੇ ਵੇਖਿਆ ਜੋ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਕੋਲ ਰੁਪਏ ਲਿਆਇਆ। ਅਤੇ ਬੋਲਿਆ ਕਿ ਮੈਨੂੰ ਭੀ ਇਹ ਸ਼ਕਤੀ ਦਿਓ ਤਾਂ ਜੋ ਮੈਂ ਜਿਸ ਕਿਸੇ ਤੇ ਹੱਥ ਰੱਖਾਂ ਸੋ ਉਹ ਨੂੰ ਪਵਿੱਤਰ ਆਤਮਾ ਮਿਲੇ (ਆਇਤਾਂ 18, 19)।

ਜਦ ਮੈਂ ਛੋਟਾ ਸਾਂ, ਤਾਂ ਮੈਨੂੰ ਲਗਦਾ ਸੀ ਕਿ ਸ਼ਮਊਨ ਸਿਰਫ਼ ਅਸਲੀ ਮੋਅਜਜ਼ਾ ਕਰਨ ਦੀ ਕਾਬਲੀਅਤ ਪਾਉਣਾ ਚਾਹੁੰਦਾ ਸੀ। (ਮੈਂ ਮੰਨ ਲੈਂਦਾ ਹਾਂ ਕਿ ਕਦੇ ਨਾ ਕਦੇ ਜਾਦੂਗਰ ਦੀ ਹਰ ਅਵਸਥਾ ਦਿਨ ਵਿਚ ਖ਼ਾਬ ਵਿਖਾਉਣ ਵਾਲੀ ਹੁੰਦੀ ਹੈ: ''ਜੋ ਗੱਲਾਂ ਕਰਨ ਲਈ ਮੈਂ ਕਹਿੰਦਾ ਹਾਂ, ਜੇ ਉਹ ਸੱਚਮੁੱਚ ਉਵੇਂ ਹੀ ਹੋ ਜਾਣ ਤਾਂ ਕਿਵੇਂ ਲੱਗੇਗਾ?'') ਪਰ ਸ਼ਮਊਨ ਤਾਂ ਉਸ ਤੋਂ ਵਧ ਕੇ ਚਾਹੁੰਦਾ ਸੀ! ਉਹ ਲੋਕਾਂ ਤੇ ਹੱਥ ਰੱਖਣ ਦੀ ਉਹ ਯੋਗਤਾ ਪਾਉਣਾ ਚਾਹੁੰਦਾ ਸੀ ਜੋ ਰਸੂਲਾਂ ਕੋਲ ਸੀ, ਤਾਂ ਜੋ ਜਿਹਨੂੰ ਚਾਹੇ ਮੋਅਜਜ਼ੇ ਕਰਨ ਦਾ ਦਾਨ ਦੇ ਸਕੇ।

ਮੈਨੂੰ ਨਹੀਂ ਪਤਾ ਕਿ ਸ਼ਮਊਨ ਦੇ ਇਹ ਦਾਨ ਪਾਉਣ ਦੀ ਖਾਹਸ਼ ਕਰਨ ਪਿੱਛੇ ਕੀ ਮਕਸਦ ਸਨ, ਪਰ ਅਜਿਹੇ ਦਾਨ ਦੀ ਦੁਰਵਰਤੋਂ ਬਾਰੇ ਸੋਚਣਾ ਵੀ ਇਕ ਭੈਭੀਤ ਕਰ ਦੇਣ ਵਾਲੀ ਗੱਲ ਹੈ। ਕੋਈ ਕਿਸੇ ਠੱਗ ਦੇ ਇਹ ਕਹਿਣ ਦੀ ਕਲਪਨਾ ਕਰ ਸਕਦਾ ਹੈ ਕਿ ''ਮੈਨੂੰ ਆਪਣਾ ਚਾਂਦੀ ਅਤੇ ਸੋਨਾ ਦੇ ਦੇ, ਤਾਂ ਮੈਂ ਤੈਨੂੰ ਸੱਚਮੁੱਚ ਚਮਤਕਾਰ ਕਰਨਾ ਸਿਖਾ ਦਿਆਂ!'' ਸ਼ਾਇਦ ਸ਼ਮਊਨ ਦਾ ਅਜਿਹਾ ਕੋਈ ਵਿਚਾਰ ਨਹੀਂ ਸੀ, ਪਰ ਪਤਰਸ ਨੇ ਫਿਰ ਵੀ ਕਿਹਾ ਕਿ ਉਹ ''ਪਿੱਤ ਦੀ ਕੁੜੱਤਣ ਅਤੇ ਬਦੀ ਦੇ ਬੰਧਨ ਵਿਚ'' ਸੀ (ਆਇਤ 23)।

ਰਿਵਾਈਜ਼ਡ ਇੰਗਲਿਸ਼ ਬਾਈਬਲ ਦੇ ਅਨੁਵਾਦ ਮੁਤਾਬਕ, ''ਮੈਂ ਵੇਖਦਾ ਹਾਂ ਕਿ ਕੌੜੇ ਪਿੱਤ ਅਤੇ ਪਾਪ ਦੀਆਂ ਜ਼ੰਜੀਰਾਂ ਤੇਰਾ ਭਾਗ ਹੋਣਗੀਆਂ।''[1] ''ਪਿੱਤ ਦੀ ਕੁੜੱਤਣ'' ਇਕ

ਇਬਰਾਨੀ ਕਹਾਵਤ ਹੈ ਜਿਹਦਾ ਮਤਲਬ ਹੈ ''ਬੇਹੱਦ ਕੌੜ।''[2] ਸ਼ਮਊਨ ਨੂੰ ਸਮਾਜ ਵਿਚ ਆਪਣੇ ਆਪ ਨੂੰ ''ਅਣਗੌਲਿਆ'' ਵੇਖਣਾ ਚੰਗਾ ਨਹੀਂ ਲੱਗ ਰਿਹਾ ਹੋਵੇਗਾ; ਕੜਵਾਹਟ ਉਹਦੇ ਮਨ ਨੂੰ ਜ਼ਹਿਰੀਲਾ ਕਰ ਰਹੀ ਸੀ। ਅਤੇ ਉਹ ''ਬਦੀ ਦੇ ਬੰਧਨ ਵਿਚ'' ਸੀ। ਪਾਪ ਗੁਲਾਮ ਬਣਾ ਲੈਂਦਾ ਹੈ! ਮਸੀਹੀ ਬਣਨ ਤੇ ਪਾਪ ਦੇ ਬੰਧਨ ਤੋੜ ਦਿੱਤੇ ਜਾਂਦੇ ਹਨ (ਰੋਮੀਆਂ 6:17, 18)। ਪਰ, ਅਸੀਂ ਪਾਪ ਵੱਲ ਮੁੜ ਕੇ ਫੇਰ ਓਸੇ ਬੰਧਨ ਵਿਚ ਆ ਸਕਦੇ ਹਾਂ।

ਕੁਝ ਲੋਕ ਇਹ ਸਿਖਾਉਂਦੇ ਹਨ ਕਿ ਇਕ ਵਾਰ ਮਸੀਹੀ ਬਣ ਜਾਣ ਵਾਲਾ ਦੁਬਾਰਾ ਡਿੱਗ ਨਹੀਂ ਸਕਦਾ, ਪਰ ਪੌਲੁਸ ਨੇ ਖ਼ੁਦਾ ਦੇ ਹਰ ਬਾਲਕ ਨੂੰ ਇਹ ਚਿਤਾਵਨੀ ਦਿੱਤੀ ਹੈ, ''ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ'' (1 ਕੁਰਿੰਥੀਆਂ 10:12)। ਸ਼ਮਊਨ ਸੁਚੇਤ ਨਹੀਂ ਸੀ ਜਿਸ ਕਰਕੇ ਉਹ ਡਿੱਗ ਗਿਆ। ਉਹ ਉਸ ਸਭ ਨੂੰ ਜੋ ਉਸ ਨੇ ਪਾਇਆ ਸੀ, ਗੁਆ ਦੇਣ ਵਾਲਾ ਸੀ ਭਾਵ ਉਹਦੇ ਨਾਸ ਹੋਣ ਦਾ ਖਤਰਾ ਸੀ!

ਮੈਂ ਇਸ ਪਾਠ ਦੇ ਪਹਿਲੇ ਭਾਗ ਦਾ ਨਾਂਅ ''ਬਾਹਰੀ ਪਾਪੀ'' ਰੱਖਿਆ ਕਿਉਂਕਿ ਸ਼ਮਊਨ ਨੇ ''ਬਾਹਰ'' ਦੇ ਆਦਮੀ ਦੇ ਰੂਪ ਵਿਚ ਸ਼ੁਰੂਆਤ ਕੀਤੀ ਅਤੇ ਜਿਸ ਦੀ ਮੁਕਤੀ ਦਾ ਪ੍ਰਭੂ ਨਾਲ ਕੋਈ ਸਬੰਧ ਨਹੀਂ ਸੀ (ਅਫ਼ਸੀਆਂ 2:12)। ਇਸ ਭਾਗ ਦਾ ਸਿਰਲੇਖ ''ਰਾਹੋਂ ਕੁਰਾਹੇ ਪਿਆ ਬੱਚਾ'' ਹੈ ਕਿਉਂਕਿ ਪ੍ਰਭੂ ਨਾਲ ਸ਼ਮਊਨ ਦਾ ਸਬੰਧ ਬਦਲ ਚੁੱਕਾ ਸੀ। ਹੁਣ ਉਹ ਪਰਾਇਆ ਨਹੀਂ ਰਿਹਾ ਸੀ ਸਗੋਂ ਪ੍ਰਮੇਸ਼ਵਰ ਦੀ ਸੰਤਾਨ ਸੀ, ਪਰ *ਰਾਹੋਂ ਕੁਰਾਹੇ ਪਿਆ ਬੱਚਾ*। ਇਕ ਵਾਰ ਫੇਰ ਸ਼ਮਊਨ ਨੂੰ ਬਦਲਣ ਦੀ ਪ੍ਰਕ੍ਰਿਆ ਵਿੱਚੋਂ ਲੰਘਣ ਦੀ ਲੋੜ ਸੀ (ਯਾਕੂਬ 5:19, 20)। ਉਹਦੇ ਲਈ ਇਹ ਜਾਣਨਾ ਜ਼ਰੂਰੀ ਸੀ ਕਿ ਉਹ ਕਿਵੇਂ *ਵਾਪਸ ਆ* ਸਕਦਾ ਸੀ।

## ਵਾਪਸ ਪਰਤਿਆ (8:22, 24)

ਬਾਈਬਲ ਵਿਚ ਮਸੀਹੀ ਬਣਨ ਦੀ ਪ੍ਰਕ੍ਰਿਆ ਨੂੰ ''ਨਵਾਂ ਜਨਮ'' (ਯੂਹੰਨਾ 3:3-5) ਕਿਹਾ ਗਿਆ ਹੈ। ਨਵੇਂ ਸਿਰੇ ਤੋਂ ਜਨਮ ਲੈਣ ਦੇ ਬਾਅਦ, ਉਹੀ ਪ੍ਰਕ੍ਰਿਆ ਫੇਰ ਨਹੀਂ ਦੁਹਰਾਈ ਜਾਂਦੀ। ਉਹ ਹਮੇਸ਼ਾ ਲਈ ਸੰਤਾਨ ਬਣ ਜਾਂਦਾ ਹੈ। ਪਰ, ਬਾਲਕ ਆਪਣੇ ਪਰਿਵਾਰ ਦੀ ਹਮਾਇਤ ਗੁਆ ਬੈਠਦਾ ਹੈ। ਪ੍ਰਮੇਸ਼ਵਰ ਦਾ ਬਾਲਕ ਕਿਵੇਂ ਆਪਣੇ ਪਿਤਾ ਅਤੇ ਉਹਦੇ ਪਰਿਵਾਰ ਦੀ ਹਮਾਇਤ ਫੇਰ ਤੋਂ ਪਾ ਸਕਦਾ ਹੈ?

ਸ਼ਮਊਨ ਨੂੰ ਡਾਂਟਣ ਦੇ ਬਾਅਦ, ਪਤਰਸ ਨੇ ਕਿਹਾ, ''ਸੋ ਤੂੰ ਆਪਣੀ ਇਸ ਬੁਰਿਆਈ ਤੋਂ ਤੌਬਾ ਕਰ ਅਤੇ ਪ੍ਰਭੂ ਦੇ ਅੱਗੇ ਬੇਨਤੀ ਕਰ ਤਾਂ ਕੀ ਜਾਣੀਏ ਜੋ ਤੇਰੇ ਮਨ ਦੀ ਸੋਚ ਮਾਫ਼ ਕੀਤੀ ਜਾਵੇ'' (ਆਇਤ 22)। ਪ੍ਰਮੇਸ਼ਵਰ ਦੇ ਕੁਰਾਹੇ ਪਏ ਕਿਸੇ ਬਾਲਕ ਲਈ ਪ੍ਰਮੇਸ਼ਵਰ ਵੱਲ ਵਾਪਸ ਆਉਣ ਲਈ ''ਤੌਬਾ ਕਰਨ'' ਅਤੇ ''ਪ੍ਰਾਰਥਨਾ'' ਦੇ ਸ਼ਬਦਾਂ ਵਿਚ ਪਤਰਸ ਨੇ ਰੂਪਰੇਖਾ ਦਿੱਤੀ ਹੈ। ''ਮਾਫ਼ੀ ਦਾ ਪਹਿਲਾ ਨਿਯਮ'' ਬਾਹਰੀ ਪਾਪੀ ਲਈ ਸੀ, ਜਿਸ ਨੂੰ ਵਿਸ਼ਵਾਸ ਕਰਕੇ,[3] ਤੌਬਾ ਕਰਨ ਅਤੇ ਬਪਤਿਸਮਾ ਲੈਣ ਲਈ ਕਿਹਾ ਜਾਂਦਾ ਹੈ (2:38; 16:31-34; 22:16)। ''ਮਾਫ਼ੀ ਦਾ ਦੂਜਾ ਨਿਯਮ'' ਉਨ੍ਹਾਂ *ਮਸੀਹੀਆਂ ਲਈ ਹੈ ਜੋ ਪਾਪ ਕਰਦੇ ਹਨ*।[4] ਜਦ ਅਸੀਂ ਪ੍ਰਮੇਸ਼ਵਰ ਦੀ ਸੰਤਾਨ ਬਣਨ ਦੇ ਬਾਅਦ ਪਾਪ ਕਰਦੇ ਹਾਂ ਤਾਂ ਪਹਿਲਾਂ ਸਾਨੂੰ ਤੌਬਾ ਕਰਨ, ਭਾਵ ਜ਼ਿੰਦਗੀ ਵਿਚ ਪਾਪ ਬਾਰੇ ''ਆਪਣੇ ਵਿਹਾਰ ਨੂੰ ਬਦਲਣ'' ਅਤੇ ਖ਼ੁਦਾ ਦੀ ਮਦਦ ਨਾਲ ਉਸ ਪਾਪ ਨੂੰ ਛੱਡਣ ਦਾ ਨਿਰਣਾ ਕਰਨ ਲਈ ਕਿਹਾ ਜਾਂਦਾ ਹੈ।[5] ਸਾਡੇ ਦਿਲ ਟੁੱਟ

ਚੁੱਕਣ ਅਤੇ ਸਾਡੇ ਇਰਾਦੇ ਮਜ਼ਬੂਤ ਹੋਣ, ਤਾਂ ਹੀ (ਅਤੇ ਸਿਰਫ਼ ਉਦੋਂ ਹੀ) ਅਸੀਂ ਖ਼ੁਦਾ ਤੋਂ ਮਾਫ਼ੀ ਲਈ ਦੁਆ ਕਰ ਸਕਦੇ ਹਾਂ। ਪਰ ਤੌਬਾ ਅਤੇ ਪ੍ਰਾਰਥਨਾ ਹੀ ਸ਼ਮਊਨ ਦੀ ਉਮੀਦ ਸੀ।

ਸ਼ਮਊਨ ਘਾਬਰ ਗਿਆ ਸੀ। ਉਹਨੇ ਪਤਰਸ ਨੂੰ ਕਿਹਾ ਕਿ ''ਤੁਸੀਂ ਹੀ ਮੇਰੇ ਲਈ ਪ੍ਰਭੂ ਦੇ ਅੱਗੇ ਬੇਨਤੀ ਕਰੋ ਭਈ ਜਿਹੜੀਆਂ ਗੱਲਾਂ ਤੁਸਾਂ ਆਖੀਆਂ ਹਨ ਉਨ੍ਹਾਂ ਵਿਚ ਕੋਈ ਮੇਰੇ ਉੱਤੇ ਨਾ ਪਵੇ'' (ਆਇਦ 24)। ਵੈਸਟਰਨ ਟੈਕਸਟ ਵਿਚ ਇਸ ਨੂੰ ਇੰਜ ਕਿਹਾ ਗਿਆ ਹੈ ਕਿ ਸ਼ਮਊਨ ਪਤਰਸ ਅਤੇ ਯੂਹੰਨਾ ਨੂੰ ਆਪਣੇ ਲਈ ਦੁਆ ਕਰਨ ਨੂੰ ਕਹਿ ਕੇ ਰੋਂਦਾ ਰਿਹਾ। ਸ਼ਮਊਨ ਨੇ ਆਪਣੀ ਲੋੜ ਨੂੰ ਸਮਝਿਆ ਅਤੇ ਪਤਰਸ ਅਤੇ ਯੂਹੰਨਾ ਨੂੰ ਆਪਣੇ ਲਈ ਦੁਆ ਕਰਨ ਲਈ ਕਿਹਾ। ਯਾਕੂਬ 5:16 ਕਹਿੰਦਾ ਹੈ ਕਿ ਅਸੀਂ ਇਕ ਦੂਜੇ ਦੇ ਸਾਹਮਣੇ ਆਪਣੇ ਪਾਪ ਮੰਨ ਲਈਏ ਅਤੇ ਇਕ ਦੂਜੇ ਲਈ ਦੁਆ ਕਰੀਏ। 1 ਯੂਹੰਨਾ 1:9 ਵਿਚ ਟਿੱਪਣੀ ਹੈ ਕਿ ''ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।''

## ਸਾਰ

ਸਮਊਨ ਦਾ ਕੀ ਬਣਿਆ? ਮੈਨੂੰ ਨਹੀਂ ਪਤਾ। ਬਾਅਦ ਦੀਆਂ ਸਦੀਆਂ ਵਿਚ ਉਹਦੇ ਬਾਰੇ ਕਾਫ਼ੀ ਕੁਝ ਲਿਖਿਆ ਗਿਆ, ਪਰ ਹਕੀਕਤ ਅਤੇ ਕਹਾਣੀ ਨੂੰ ਵੱਖਰਾ ਕਰਨਾ ਨਾਮੁਮਕਨ ਹੈ। ਜੋ ਕੁਝ ਅਸਲ 'ਚ ਸਾਨੂੰ ਉਹਦੇ ਬਾਰੇ ਪਤਾ ਹੈ, ਉਹ ਸਿਰਫ਼ ਰਸੂਲਾਂ ਦੇ ਕੰਮ 8 ਅਧਿਆਇ ਵਿੱਚੋਂ ਹੀ ਮਿਲਦਾ ਹੈ। ਨਿੱਜੀ ਤੌਰ ਤੇ ਮੈਨੂੰ ਇਹ ਵਿਚਾਰ ਕਰਨਾ ਚੰਗਾ ਲਗਦਾ ਹੈ ਕਿ ਆਇਤ 24 ਉਹਦੇ ਵੱਲੋਂ ਆਪਣੇ ਵਿਹਾਰ ਨੂੰ ਬਦਲਣ ਦਾ ਸੰਕੇਤ ਦਿੰਦੀ ਹੈ ਅਤੇ ਉਹਨੇ ਆਪਣੇ ਗੁਣਾਂ ਨੂੰ ਪ੍ਰਭੂ ਦੇ ਖ਼ਿਲਾਫ਼ ਨਹੀਂ ਸਗੋਂ ਉਹਦੇ ਹੱਕ ਵਿਚ ਵਰਤਣ ਦਾ ਮਨ ਬਣਾਇਆ। ਉਹਦਾ ਭਵਿੱਖ ਜੋ ਵੀ ਹੋਇਆ ਹੋਵੇ, ਉਹਨੂੰ ਇਹ ਮੌਕਾ ਜ਼ਰੂਰ ਮਿਲਿਆ ਕਿਉਂਕਿ ਉਹ ਫ਼ਿਲਿੱਪੁਸ ਦੇ ਪ੍ਰਚਾਰ ਨਾਲ ਪ੍ਰਭੂ ਨਾਲ ਮਿਲ ਗਿਆ ਅਤੇ ਸਹੀ ਰਾਹੇ ਪੈ ਗਿਆ ਸੀ।

ਕੁਝ ਸਮਾਂ ਪਹਿਲਾਂ ਹੀ ਮੈਨੂੰ ਅਚਾਨਕ ਇਕ ਆਧੁਨਿਕ ਜਾਦੂਗਰ ਬਾਰੇ ਪੜ੍ਹਨ ਨੂੰ ਮਿਲਿਆ, ਜਿਹਨੇ ਸ਼ਮਊਨ ਵਾਂਗ ਹੀ, ਯਿਸੂ ਬਾਰੇ ਫੈਸਲਾ ਲੈਣਾ ਸੀ। ਉਹ ਹੈ ਸਾਡੇ ਸਮੇਂ ਦਾ ਮਹਾਨ ਜਾਦੂਗਰ, ਐਂਡਰੇ ਕੋਲ। ਐਂਡਰੇ ਕੋਲ ਤਕਰੀਬਨ 15 ਸਾਲ ਤਕ ਪੇਸ਼ੇਵਰ ਜਾਦੂਗਰ ਰਿਹਾ ਸੀ। ਉਹ ਬਹੁਤ ਕਾਮਯਾਬ ਹੋਇਆ, ਪਰ ਉਹਨੂੰ ਆਪਣੇ ਅੰਦਰ ਕੁਝ ਕਮੀ ਮਹਿਸੂਸ ਹੁੰਦੀ ਸੀ। ਉਹਨੇ ਕਿਹਾ, ''ਮੈਨੂੰ ਅਜੇ ਵੀ ਆਪਣੀ ਜ਼ਿੰਦਗੀ ਵਿਚ ਕੁਝ ਕਮੀ ਲਗਦੀ ਸੀ। ਕਈ ਵਾਰ ਰਾਤ ਨੂੰ ਮੈਂ ਮੇਕਅਪ ਰੂਮ ਵਿਚ ਸੋਚਦਾ ਸਾਂ, 'ਇਕ ਪਾਸੇ ਤਾਂ ਜ਼ਿੰਦਗੀ ਦੀ ਹਰ ਚੀਜ਼ ਮੇਰੇ ਕੋਲ ਹੈ ਅਤੇ ਦੂਜੇ ਪਾਸੇ ਮੇਰੀ ਜ਼ਿੰਦਗੀ ਵਿਚ ਅਜੇ ਵੀ ਕੁਝ ਖ਼ਾਲੀਪਨ ਹੈ।' '' ਆਪਣੇ ਪੇਸ਼ੇ ਦੇ ਦੋ ਸਮਰਪਤ ਦੋਸਤਾਂ ਵੱਲੋਂ ਆਤਮ ਹੱਤਿਆ ਕਰਨ ਦੇ ਬਾਅਦ ਉਹ ਆਪਣੇ ਆਪ ਤੋਂ ''ਮੈਂ ਇੱਥੇ ਕਿਉਂ ਹਾਂ? ਮੈਂ ਕਿੱਥੇ ਜਾ ਰਿਹਾ ਹਾਂ? ਮੇਰੀ ਜ਼ਿੰਦਗੀ ਦਾ ਮਕਸਦ ਕੀ ਹੈ?'' ਵਰਗੇ ਬੁਨਿਆਦੀ ਸਵਾਲ ਪੁੱਛਣ ਲੱਗਾ।[6] ਅਖ਼ੀਰ ਉਹਨੂੰ ਇਕ ਜਾਦੂਗਰ ਦੇ ਨਜ਼ਰੀਏ ਤੋਂ ਮਸੀਹ ਦੇ ਮੋਅਜਜ਼ਿਆਂ ਦੀ ਖੋਜ ਕਰਨ ਦੀ ਚੁਣੌਤੀ ਮਿਲੀ। ਉਹਨੇ ਲਿਖਿਆ ਹੈ:

> ਦਰਸ਼ਨ ਸਾਸ਼ਤਰ ਦੇ ਪਿਛੋਕੜ ਵਾਲਾ ਜਾਦੂਗਰ ਅਤੇ ਅਰਿਜ਼ੋਨਾ ਸਟੇਟ ਯੂਨੀਵਰਸਿਟੀ ਤੋਂ ਮਨੋਵਿਗਿਆਨ ਵਿਚ ਡਿਗਰੀ ਪ੍ਰਾਪਤ ਹੋਣ ਕਾਰਨ ਮੈਂ ਅਵਿਸ਼ਵਾਸੀ

ਸਾਂ। ਮੈਂ ਇਹ ਜਾਣਨ ਲਈ ਕਿ ਯਿਸੂ ਨੇ ਖ਼ੁਦਾ ਹੋਣ ਦਾ ਦਾਅਵਾ ਕੀਤਾ, ਬਾਈਬਲ ਵਿੱਚੋਂ ਕਾਫ਼ੀ ਕੁਝ ਪੜ੍ਹਿਆ ਸੀ। ਜਾਂ ਤਾਂ ਉਹ ਝੂਠਾ ਸੀ, ਜਾਂ ਸਨਕੀ ਸੀ, ਜਾਂ ਫਿਰ ਉਹੀ ਸੀ ਜੋ ਹੋਣ ਦਾ ਉਹਨੇ ਦਾਅਵਾ ਕੀਤਾ ਸੀ, ਭਾਵ ਉਹ ਪ੍ਰਭੂ ਅਤੇ ਪ੍ਰਮੇਸ਼ਵਰ ਸੀ।

> ਸੋ ਇਕ ਜਾਦੂਗਰ ਦੀ ਨਜ਼ਰ ਨਾਲ ਮੈਂ ਮਸੀਹ ਦੇ ਮੋਅਜਜ਼ਿਆਂ ਦਾ ਅਧਿਐਨ ਕਰਨ ਲੱਗਾ। ਵੇਖੋ ਨਾ, ਮੈਨੂੰ ਪਤਾ ਹੈ ਕਿ ਇਕ ਵਿਗਿਆਨੀ, ਪ੍ਰੋਫ਼ੈਸਰ, ਧਰਮਸ਼ਾਸਤਰੀ ਜਾਂ ਕਿਸੇ ਹੋਰ ਨੂੰ ਇਕ ਹੁਸ਼ਿਆਰ ਜਾਦੂਗਰ ਕਿੰਨੀ ਅਸਾਨੀ ਨਾਲ ਮੂਰਖ ਬਣਾ ਸਕਦਾ ਹੈ। ਉਨ੍ਹਾਂ ਨੂੰ ਉਨ੍ਹਾਂ ਸਭ ਮਨੋਵਿਗਿਆਨਕ ਢੰਗਾਂ ਦੀ ਸਮਝ ਨਹੀਂ ਹੁੰਦੀ ਜਿਨ੍ਹਾਂ ਦੀ ਵਰਤੋਂ ਅਸੀਂ ਸਰੋਤਿਆਂ ਦੀ ਨਜ਼ਰ ਬੰਨ੍ਹਣ ਲਈ ਕਰਦੇ ਹਾਂ। ਸਪਸ਼ਟ ਗੱਲ ਤਾਂ ਇਹ ਹੈ ਕਿ ਮੈਨੂੰ ਨਹੀਂ ਲਗਦਾ ਸੀ ਕਿ ਉਹ ਮਸੀਹ ਦੇ ਮੋਅਜਜ਼ਿਆਂ ਦੀ ਪਰਖ ਵੀ ਕਰ ਸਕਦੇ ਹੋਣ। ਦੂਜੇ ਪਾਸੇ, ਮੈਨੂੰ ਆਪਣੀ ਪ੍ਰਸਿੱਧੀ ਅਤੇ ਜਾਦੂਗਰ ਹੋਣ ਕਰਕੇ ਆਪਣੀ ਪ੍ਰਮਾਣਤ ਯੋਗਤਾ ਤੇ ਮਾਣ ਸੀ। ਕੋਈ ਜਾਦੂਗਰ ਮੈਨੂੰ ਕਦੇ ਮੂਰਖ ਨਹੀਂ ਬਣਾ ਸਕਿਆ ਸੀ। ਇਸ ਕਰਕੇ ਜੇ ਯਿਸੂ ਧੋਖੇਬਾਜ਼ ਸੀ ਤਾਂ ਪਹਿਲੀ ਸਦੀ ਦੇ ਉਸ ਧੋਖੇਬਾਜ਼ ਅੱਗੇ ਝੁਕਣ ਦੀ ਮੇਰੀ ਕੋਈ ਤਮੰਨਾ ਨਹੀਂ ਸੀ।
>
> ਯਿਸੂ ਮਸੀਹ ਦੇ ਜੀ ਉੱਠਣ ਅਤੇ ਉਹਦੇ ਹੋਰ ਮੋਅਜਜ਼ਿਆਂ ਬਾਰੇ ਸਬੂਤਾਂ ਦੀ ਖੋਜ ਦੇ ਕਈ ਮਹੀਨਿਆਂ ਬਾਅਦ ਮੈਂ ਉੱਥੇ ਅੱਪੜਿਆ ਜਿੱਥੇਂ ਮੈਂ ਮੈਸਮਰਿਜ਼ਮ ਭਾਵ ਸੰਮੋਹਨ ਵਿੱਦਿਆ, ਸੰਮੋਹਨ ਅਵਸਥਾ ਜਾਂ ਫ਼ਰੇਬ ਦੇ ਕਿਸੇ ਹੋਰ ਰੂਪ ਦੀ ਵਰਤੋਂ ਦੀ ਹਰ ਸੰਭਾਵਨਾ ਕੱਢ ਦਿੱਤੀ। ਮੈਂ ਹੁਣ ਯਿਸੂ ਮਸੀਹ ਦੇ ਦਾਅਵਿਆਂ ਤੇ ਉਂਗਲੀ ਨਹੀਂ ਉਠਾ ਸਕਦਾ ਸਾਂ।[7]


ਉਸ ਜਾਦੂਗਰ ਨੇ ਯਿਸੂ ਅਤੇ ਉਹਦੀਆਂ ਸਿੱਖਿਆਵਾਂ ਦਾ ਹੋਰ ਅਧਿਐਨ ਕੀਤਾ। ਫਿਰ ਉਹਦੇ ਆਪਣੇ ਸ਼ਬਦਾਂ ਵਿਚ, ਉਹਨੇ ''ਉਨ੍ਹਾਂ ਦੀਆਂ ਗੱਲਾਂ ਨੂੰ ਪਰਖਣ ਲਈ ਵਿਗਿਆਨਕ ਪ੍ਰਯੋਗ ਕੀਤੇ।'' ਉਹਨੇ ਆਪਣੀ ਗਵਾਹੀ ਦਾ ਨਿਚੋੜ ਇਹ ਕੱਢਿਆ, ''ਇਹ ਕਿਸੇ ਇਨਸਾਨ ਵੱਲੋਂ ਲਿਆ ਜਾਣ ਵਾਲਾ ਸਭ ਤੋਂ ਵੱਡਾ ਫ਼ੈਸਲਾ ਹੈ। ਜਿਵੇਂ ਕਿ ਮੇਰੇ ਇਕ ਮਿੱਤਰ ਨੇ ਮੈਨੂੰ ਇਕ ਵਾਰ ਕਿਹਾ ਸੀ, 'ਐਂਡਰੇ, ਜ਼ਿੰਦਗੀ ਵਿਚ ਅੱਗੇ ਚੱਲ ਕੇ, ਜੇ ਤੂੰ ਮਸੀਹ ਨੂੰ ਗੁਆ ਬੈਠੇਂ ਤਾਂ ਤੂੰ ਸਭ ਕੁਝ ਗੁਆ ਦੇਵੇਂਗਾ।' ''[8]

ਇਸ ਪਾਠ ਵਿਚ, ਮੈਂ ਬਹੁਤਾ ਕਰਕੇ ਜਾਦੂਗਰਾਂ ਦੀ ਹੀ ਗੱਲ ਕੀਤੀ ਹੈ, ਪਰ ਜਿਹੜੀ ਗੱਲ ਜਾਦੂਗਰਾਂ ਲਈ ਸੱਚ ਹੈ, ਉਹੀ ਤੁਹਾਡੇ ਲਈ ਵੀ ਸੱਚ ਹੈ। ਤੁਸੀਂ ਆਪਣੇ ਆਪ ਨੂੰ ਓਨੀ ਹੀ ਸਫ਼ਾਈ ਨਾਲ ਮੂਰਖ ਬਣਾ ਸਕਦੇ ਹੋ ਜਿੰਨੀ ਸਫ਼ਾਈ ਨਾਲ ਕੋਈ ਜਾਦੂਗਰ ਆਪਣੇ ਦਰਸ਼ਕਾਂ ਨੂੰ ਬਣਾ ਸਕਦਾ ਹੈ, ਜੇ ਤੁਸੀਂ ਆਪਣੇ ਆਪ ਨੂੰ ਇਹ ਕਹਿ ਕੇ ਮਨਾ ਲਓ ਕਿ ਤੁਸੀਂ ਆਪਣੇ ਚੰਗੇ ਚਲਣ ਨਾਲ ਯਿਸੂ ਦੇ ਬਗੈਰ ਵੀ ਮੁਕਤੀ ਪਾ ਸਕਦੇ ਹੋ; ਜਦਕਿ ਤੁਸੀਂ ਪਾ ਨਹੀਂ ਸਕਦੇ (ਰੋਮੀਆਂ 3:23; 6:23)! ਜੇ ਤੁਸੀਂ ਆਪਣੇ ਵਿਸ਼ਵਾਸ ਨੂੰ ਵਿਖਾਉਣ ਲਈ ਬਪਤਿਸਮਾ ਨਹੀਂ ਲਿਆ (ਪਾਣੀ ਵਿਚ ਡੁਬਕੀ ਨਹੀਂ ਲਈ), ਤਾਂ ਤੁਹਾਨੂੰ ਹੁਣੇ ਬਪਤਿਸਮਾ ਲੈ ਲੈਣਾ ਚਾਹੀਦਾ ਹੈ। ਜੇ ਤੁਸੀਂ ਉਵੇਂ ਹੀ ਡਿੱਗ ਗਏ ਹੋ, ਜਿਵੇਂ ਸ਼ਮਊਨ ਡਿੱਗਿਆ ਸੀ, ਤਾਂ ਤੌਬਾ, ਇਕਰਾਰ ਅਤੇ ਦੁਆ ਰਾਹੀਂ ਵਾਪਸ ਆਉਣ ਦੀ ਹਿੰਮਤ ਕਰੋ। ਤੁਹਾਨੂੰ ਇੰਜ ਲੱਗੇਗਾ ਜਿਵੇਂ ਹਰ ਦਿਨ ਵਿਚ ''ਇਕ ਜਾਦੂਈ'' ਗੁਣ ਹੈ!

ਟਿੱਪਣੀਆਂ


[1]ਉਹਦੇ ''ਪਿੱਤ ਦੀ ਕੁੜੱਤਣ'' ਵਿਚ ਪੈਣ ਦਾ *ਖ਼ਤਰਾ* ਸੀ (ਭਵਿੱਖਕਾਲ ਦੀ ਵਰਤੋਂ ਕੀਤੀ ਗਈ)। [2]ਪਿੱਤ (ਜਿਵੇਂ ''ਪਿੱਤੇ'' ਵਿਚ) ਆਪਣੇ ਆਪ ਵਿਚ ਹੀ ਕੌੜਾ ਤਰਲ ਹੈ। ਇਸ ਕਰਕੇ ਇਸ ਕਹਾਵਤ ਦਾ ਬੁਨਿਆਦੀ ਅਰਥ ਹੈ ''ਕੁੜੱਤਣ ਦੀ ਕੁੜੱਤਣ ਵਿਚ,'' ਜਿਹਦਾ ਇਬਰਾਨੀ ਵਿਚ ਮਤਲਬ ਸੀ ''*ਬੇਹੱਦ ਕੁੜੱਤਣ* ਵਿਚ।'' [3]ਵਿਸ਼ਵਾਸ ਵਿਚ ਇਹ ਵੀ ਜ਼ਰੂਰੀ ਹੈ ਕਿ ਵਿਸ਼ਵਾਸ ਕਰਨ ਵਾਲੇ ਵਿਚ ਉਹਨੂੰ ਵਿਖਾਉਣ ਦੀ ਇੱਛਾ ਹੋਵੇ (8:37 ਤੇ ਟਿੱਪਣੀਆਂ ਵੇਖੋ)। [4]ਡਿਨੋਮਿਨੇਸ਼ਨਾਂ ਦੇ ਬਹੁਤ ਸਾਰੇ ਲੋਕ ਦੋਹਾਂ ਨੂੰ ਉਲਝਾ ਦਿੰਦੇ ਹਨ ਅਤੇ ਕਲੀਸੀਆ ਦੇ ਬਾਹਰ ਦੇ ਪਾਪੀਆਂ ਨੂੰ ਦੱਸਦੇ ਹਨ ਕਿ ਮਾਫ਼ੀ ਪਾਉਣ ਲਈ ਦੁਆ ਕਰਨ। [5]''ਰਸੂਲਾਂ ਦੇ ਕੰਮ, ਭਾਗ 1'' ਵਿਚ ਸ਼ਬਦਾਵਲੀ ਵਿਚ ਵੇਖੋ, ''ਤੌਬਾ।'' [6]ਐਂਡਰੇ ਕੋਲ, ''ਫ੍ਰਾਮ ਫੈਂਟੇਸੀ ਟੂ ਰਿਅਲਟੀ,'' *ਸਾਈਨਜ਼ ਆਫ਼ ਦਾ ਟਾਈਮਜ਼* (ਫ਼ਰਵਰੀ 1971): 32. [7]ਉਹੀ। [8]ਉਹੀ।

# ਇਕ ਜਾਦੂਗਰ ਦੀ ਮਨਬਦਲੀ • ਰਸੂਲਾਂ ਦੇ ਕੰਮ 8:5-24




**ਕਲੀਸੀਆ ਦੇ ਬਾਹਰ ਗੁਆਚਿਆ ਹੋਇਆ ਪਾਪੀ**
ਸ਼ਮਊਨ ਜਾਦੂਗਰ

‘‘ਪ੍ਰਮੇਸ਼ਵਰ ਦੀ ਵੱਡੀ ਸ਼ਕਤੀ’’ ਮੰਨਿਆ ਜਾਂਦਾ ਸੀ!



**ਬਦਲ ਗਿਆ**
‘‘ਸ਼ਮਊਨ ਨੇ ਆਪ ਵੀ ਪ੍ਰਤੀਤ ਕੀਤੀ ਅਤੇ ਬਪਤਿਸਮਾ ਲੈ ਕੇ ਫ਼ਿਲਿੱਪੁਸ ਦੇ ਨਾਲ ਹੀ ਰਿਹਾ … ।’’



**ਰਾਹੋਂ ਕੁਰਾਹੇ ਪਿਆ ਬਾਲਕ**
ਦੂਜਿਆਂ ਤੇ ਹੱਥ ਰੱਖਣ ਦਾ ਦਾਨ ਮੁੱਲ ਲੈਣ ਦੀ ਕੋਸ਼ਸ਼ ਕੀਤੀ!

ਉਹ ਫੇਰ ਤੋਂ ਪਾਪ ਦੀ ਗੁਲਾਮੀ ਵਿਚ ਆ ਗਿਆ ਸੀ!



**ਵਾਪਸ ਪਰਤਿਆ**
ਪਤਰਸ ਨੇ ਕਿਹਾ, ‘‘ਤੌਬਾ ਕਰ ਅਤੇ ਪ੍ਰਭੂ ਦੇ ਅੱਗੇ ਬੇਨਤੀ ਕਰ ਤਾਂ ਕੀ ਜਾਣੀਏ … ।’’

ਸ਼ਮਊਨ ਨੇ ਕਿਹਾ, ‘‘ਮੇਰੇ ਲਈ … ਬੇਨਤੀ ਕਰੋ!’’

*ਸ਼ਮਊਨ ਦੀ ਮਨਬਦਲੀ ਅਤੇ ਵਾਪਸ ਆਉਣ ਨੂੰ ਦਰਸਾਉਂਦਾ ਫ਼ਲਾਲੈਨ ਦਾ ਇਕ ਬੋਰਡ*